ੴ

# ਗੁਰਬਾਣੀ ਵਿਚਾਰੁ

## 86

# ਸੰਗਤਿ

### ਸਤਸੰਗਤਿ ਕੈਸੀ ਜਾਣੀਐ ॥

## ਭਾਗ – ੯

## 'ਖੋਜੀ'

# ਸੰਗਤਿ

## ਭਾਗ–9

**'ਸੰਗਤਿ'** ਲੇਖ ਦੀ ਲੜੀ ਦੇ ਪਿਛਲੇ 8 ਭਾਗਾਂ ਵਿਚ ਦਰਸਾਇਆ ਗਿਆ ਹੈ ਕਿ –

1. ਇਹ ਕਾਇਨਾਤ ਅੱਡ–ਅੱਡ ਕਈ ਕਿਸਮਾਂ ਦੇ ਤੱਤਾਂ ਦੇ **ਇਕੱਠ, 'ਮੇਲ' ਯਾ ਸੰਗਤ ਤੋਂ ਬਣੀ ਹੈ ਜੋ ਆਤਮਿਕ ਕਲਾ ਅਥਵਾ 'ਸਬਦੁ' ਦੁਆਰਾ ਚੱਲ ਰਹੀ ਹੈ ।**
2. ਇਨਸਾਨ ਭੀ **ਪੰਜ ਤੱਤਾਂ ਦਾ ਪੁਤਲਾ ਹੈ**, ਜਿਸ ਵਿਚ **ਨਾਮ ਦੀ 'ਜੀਵਨ–ਰੌ'** ਵਰਤ ਰਹੀ ਹੈ ।
3. 84 ਲੱਖ ਜੂਨਾਂ ਤਾਂ ਰੱਬੀ **'ਹੁਕਮ'** ਦੇ ਭਾਣੇ ਵਿਚ ਵਿਚਰਦੀਆਂ ਹਨ। ਪਰ ਇਨਸਾਨ ਨੂੰ ਤੀਖਣ ਬੁੱਧੀ ਅਤੇ 'ਮਾਨਸਿਕ ਆਜ਼ਾਦੀ' ਬਖਸ਼ੀ ਗਈ ਹੈ, ਜਿਸ ਦੁਆਰਾ ਉਹ **'ਹਉਮੈ' ਦੇ ਮਾਇਕੀ ਭਰਮ–ਭੁਲਾਵੇ ਵਿਚ ਆਪਣੀ ਮਨ–ਮਰਜ਼ੀ ਨਾਲ ਵਿਚਰਦਾ ਹੈ** ਅਤੇ ਆਪਣੇ ਚੰਗੇ-ਮਾੜੇ ਕਰਮਾਂ ਦੇ ਨਤੀਜੇ ਭੁਗਤਦਾ ਹੈ ।
4. ਕਾਇਨਾਤ ਦੇ ਸਾਰਿਆਂ ਜੀਵਾਂ ਵਿਚ ਆਪੋ–ਆਪਣੀ ਸ਼੍ਰੇਣੀ ਦੇ ਜੀਵਾਂ ਨਾਲ ਮੇਲ ਕਰਨਾ, ਇਕੱਠੇ ਰਹਿਣਾ ਅਥਵਾ **'ਸੰਗਤ' ਕਰਨਾ** ਕੁਦਰਤੀ ਸੁਭਾਓ (natural instinct) ਹੈ ।
5. ਇਹ **'ਮੇਲ' ਅਥਵਾ 'ਸੰਗਤ'** – **ਸਰੀਰਕ, ਮਾਨਸਿਕ, ਭਾਵਕ ਅਤੇ ਆਤਮਿਕ** ਆਦਿ, **ਕਈ ਸਤਹ ਤੇ ਹੁੰਦੀ ਹੈ ।**
6. ਇਸ 'ਮੇਲ' ਅਥਵਾ **'ਸੰਗਤ' ਵਿਚ** ਵਿਚਰਦਿਆਂ ਹੋਇਆਂ ਅਸੀਂ **ਇਕ–ਦੂਜੇ ਦਾ 'ਅਸਰ' ਲੈਂਦੇ–ਦਿੰਦੇ ਹਾਂ ।**
7. **ਪ੍ਰਬਲ ਮਨਾਂ ਦਾ 'ਅਸਰ' ਨਿਰਬਲ ਮਨਾਂ ਉਤੇ ਪੈਣਾ ਸੁਭਾਵਕ ਹੈ ।**
8. ਇਹ ਮਾਨਸਿਕ ਅਸਰ **'ਚੰਗਾ' ਯਾ 'ਮਾੜਾ'** ਹੋ ਸਕਦਾ ਹੈ, ਜਿਸ ਕਾਰਨ ਸਾਡਾ ਜੀਵਨ **ਖੁਸ਼ਹਾਲ ਯਾ ਦੁਖਦਾਈ ਹੋ ਜਾਂਦਾ ਹੈ ।**

9. **ਨੀਵੇਂ ਮਲੀਨ ਮਨਮੁਖ ਪੁਰਸ਼ਾਂ ਦੇ 'ਮੇਲ' ਨੂੰ 'ਕੁਸੰਗਤ' ਕਿਹਾ ਜਾਂਦਾ ਹੈ ।**

10. **ਉਤਮ-ਦੈਵੀ ਗੁਰਮੁਖ ਪਿਆਰਿਆਂ ਦੇ 'ਮੇਲ' ਨੂੰ 'ਸੰਗਤ', 'ਸਤ ਸੰਗਤ' ਯਾ 'ਸਾਧ ਸੰਗਤ' ਕਿਹਾ ਜਾਂਦਾ ਹੈ ।**

11. **ਮਾਇਕੀ ਮਲੀਨ ਬਿਰਤੀ ਵਾਲੇ – ਇਲਾਹੀ-ਰੌ ਤੋਂ 'ਟੁੱਟੇ' ਹੋਏ ਜੀਵਾਂ ਦੇ 'ਮੇਲ' ਯਾ 'ਸੰਗ' ਕਰਨ ਨਾਲ ਅਸੀਂ ਨੀਵੇਂ ਖ਼ਿਆਲ ਅਤੇ ਮੈਲੀਆਂ ਰੁਚੀਆਂ ਗ੍ਰਹਿਣ ਕਰਦੇ ਹਾਂ ।**

12. ਦੈਵੀ ਗੁਣਾਂ ਵਾਲੇ **ਗੁਰਮੁਖ ਪਿਆਰਿਆਂ** – 'ਸਾਧ'-'ਸੰਤ'-'ਹਰਿਜਨਾ' ਦੇ ਮੇਲ **ਯਾ 'ਸਤਸੰਗਤ' ਕਰਨ ਨਾਲ ਸਾਡੀ ਰੁਚੀ ਦੈਵੀ ਹੋ ਜਾਂਦੀ ਹੈ** ਅਤੇ ਸਾਡਾ **ਜੀਵਨ 'ਆਤਮਿਕ ਰੰਗਣ' ਵਾਲਾ ਹੋ ਜਾਂਦਾ ਹੈ ।**

ਉਪਰਲੀ ਵਿਚਾਰ ਤੋਂ ਸਪਸ਼ਟ ਹੈ ਕਿ ਇਨਸਾਨ ਦੇ **'ਜੀਵਨ' ਦਾ** –

| | | |
|---|---|---|
| ਚੰਗਾ | ਯਾ | ਮਾੜਾ ਹੋਣਾ, |
| ਨਿਰਮਲ | ਯਾ | ਮਲੀਨ ਹੋਣਾ, |
| ਸੁਖਦਾਈ | ਯਾ | ਦੁਖਦਾਈ ਹੋਣਾ, |
| ਪ੍ਰਫੁਲਤ | ਯਾ | ਮੁਰਝਾਇਆ ਹੋਣਾ, |
| ਅਰੋਗ | ਯਾ | ਰੋਗੀ ਹੋਣਾ, |
| ਸ਼ਾਂਤ | ਯਾ | ਅਸ਼ਾਂਤ ਹੋਣਾ |
| ਨੇਕ | ਯਾ | ਬਦ ਹੋਣਾ, |
| ਕਾਮਯਾਬ | ਯਾ | ਨਿਸਫਲ ਹੋਣਾ |
| ਚੜ੍ਹਦੀਆਂ ਕਲਾ | ਯਾ | ਢਹਿੰਦੀਆਂ ਕਲਾਂ ਵਾਲਾ ਹੋਣਾ, |
| ਆਤਮ-ਪ੍ਰਾਇਣ | ਯਾ | 'ਮਾਇਆ ਪ੍ਰਾਇਣ' ਹੋਣਾ, |
| 'ਰਸਦਾਇਕ' | ਯਾ | 'ਫੋਕਾ' ਹੋਣਾ |
| 'ਆਸਤਕ' | ਯਾ | 'ਨਾਸਤਕ' ਹੋਣਾ, |
| ਆਤਮ ਗਿਆਨ | ਯਾ | ਮਾਇਕੀ ਗਿਆਨ ਵਾਲਾ ਹੋਣਾ, |
| **'ਗੁਰਮੁਖ'** | ਯਾ | **'ਮਨਮੁਖ' ਹੋਣਾ,** |

ਨਿਰੋਲ ਸਾਡੇ **'ਮੇਲ ਮਿਲਾਪ' ਅਥਵਾ ਸੰਗਤ ਕਰਨ ਉਤੇ ਨਿਰਭਰ ਹੈ ।**

**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥** (ਪੰਨਾ-੧੩੬੯)

ਸੰਗ ਸੁਭਾਉ ਅਸਾਧ ਸਾਧੁ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ ।

(ਵਾ. ਭਾ. ਗੁ. ੩੧/੧੩)

ਇਸ ਤਰ੍ਹਾਂ ਬਾਕੀ 84 ਲੱਖ ਜੂਨਾਂ ਅਤੇ ਮਾਦੀ ਚੀਜ਼ਾਂ ਵੀ **ਇਕ ਦੂਜੇ ਦੇ 'ਮੇਲ' ਯਾ 'ਸੰਗ' ਤੋਂ 'ਅਸਰ' ਲੈਂਦੇ ਤੇ ਦਿੰਦੇ ਹਨ**, ਜਿਹਾ ਕਿ ਹਵਾ-ਪਾਣੀ, ਤੱਤ, ਇਕ ਦੂਜੇ ਦੇ ਮੇਲ ਨਾਲ ਠੰਡੇ-ਤੱਤੇ, ਲਾਭਦਾਇਕ ਯਾ ਹਾਨੀਕਾਰਕ ਹੁੰਦੇ ਹਨ । ਇਹਨਾਂ ਚੀਜ਼ਾਂ ਅਥਵਾ ਤੱਤਾਂ ਵਿਚ **ਨਿਰਣਾ ਸ਼ਕਤੀ ਨਹੀਂ ਹੁੰਦੀ, ਇਹ ਨਿਰੋਲ 'ਹੁਕਮ' ਵਿਚ ਵਰਤਦੇ ਹਨ** ।

ਇਸੇ ਕਾਰਨ ਇਨਸਾਨਾਂ ਲਈ **'ਮੇਲ' ਯਾ 'ਸੰਗਤ' ਕਰਨ** ਬਾਬਤ ਸ਼ਿਨਾਖਤ ਕਰਨੀ ਅਥਵਾ **'ਨਿਰਣਾ' ਕਰਨਾ ਅਤਿ ਜ਼ਰੂਰੀ ਹੈ** । ਪਰ ਸਾਡਾ **ਮਲੀਨ ਮਾਇਕੀ 'ਰੁਚੀਆਂ' ਵਾਲਾ 'ਮਨ'** ਸਹੀ ਮਹੱਤਵਪੂਰਨ 'ਨਿਰਣਾ' ਕਰ ਹੀ ਨਹੀਂ ਸਕਦਾ, ਕਿਉਂਕਿ **ਮਲੀਨ 'ਮਨ' ਦਾ 'ਨਿਰਣਾ' ਭੀ ਮਲੀਨ ਰੁਚੀਆਂ ਵਾਲਾ ਹੀ ਹੋਵੇਗਾ** ।

ਆਪਣੀ ਬਿਰਤੀ ਅਥਵਾ **'ਰੁਚੀ' ਅਨੁਸਾਰ ਹੀ ਅਸੀਂ ਇਕ ਦੂਜੇ ਵੱਲ ਸਹਿਜ-ਸੁਭਾਇ 'ਖਿੱਚੇ' ਜਾਂਦੇ ਹਾਂ** ।

**ਕੂੜਿਆਰ ਕੂੜਿਆਰੀ ਜਾਇ ਰਲੇ**
**ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥** (ਪੰਨਾ-੩੧੪)

**ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ ।**
**ਜੂਆਰੀ ਜੂਆਰੀਆ ਵੇਕਰਮੀ ਵੇਕਰਮ ਰਚੰਦੇ ।**
**ਚੋਰਾ ਚੋਰਾ ਪਿਰਹੜੀ ਠਗ ਠਗ ਮਿਲਿ ਦੇਸ ਠਗੰਦੇ ।**
ਮਸਕਰਿਆ ਮਿਲਿ ਮਸਕਰੇ ਚੁਗਲਾ ਚੁਗਲ ਉਮਾਹਿ ਮਿਲੰਦੇ ।
ਮਨਤਾਰੂ ਮਨਤਾਰੂਆਂ ਤਾਰੂ ਤਾਰੂ ਤਾਰ ਤਰੰਦੇ ।
**ਦੁਖਿਆਰੇ ਦੁਖਿਆਰਿਆਂ ਮਿਲਿ ਮਿਲਿ ਅਪਣੇ ਦੁਖ ਰੁਵੰਦੇ ।**
**ਸਾਧਸੰਗਤਿ ਗੁਰਸਿਖੁ ਵਸੰਦੇ ॥** (ਵਾ. ਭਾ. ਗੁ. ੫/੪)

ਇਸ ਤਰ੍ਹਾਂ ਮਲੀਨ ਮਨ ਦੇ **ਅੰਦਰ ਉਚੇਰੀ 'ਦੈਵੀ' ਸੰਗਤ ਕਰਨ ਲਈ ਸ਼ਰਧਾ ਨਹੀਂ ਉਪਜਦੀ ਅਤੇ ਨਾ 'ਖਿੱਚ' ਹੀ ਪੈਂਦੀ ਹੈ** । ਜੇਕਰ ਦੈਵੀ ਸੰਗਤ ਵਿਚ ਜਾਣ ਦਾ ਮੌਕਾ ਭੀ ਮਿਲੇ ਤਾਂ ਭੀ **ਸ਼ਰਧਾਹੀਣ ਮਨ ਉਥੋਂ ਲਾਭ ਨਹੀਂ ਲੈਂਦਾ** ਬਲਕਿ ਔਖਾ-ਸੌਖਾ ਹੋ ਕੇ **ਝੱਟ ਲੰਘਾਉਂਦਾ ਹੈ ਅਤੇ ਠਾਠਾ-ਬਾਗਾ ਹੀ ਕਰਦਾ ਹੈ** ।

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ।
ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥
**ਓਇ ਵਲੁ ਛਲੁ ਕਰਿ ਝਤਿ ਕਢਦੇ**
**ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥** (ਪੰਨਾ-੩੧੪)

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥ (ਪੰਨਾ-੪੧੯)

**ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥**
**ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ।** (ਪੰਨਾ-੭੫੬)

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥**
**ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥** (ਪੰਨਾ-੧੩੬੮)

ਆਦਿ ਤੋਂ ਹੀ ਗੁਰੂਆਂ-ਅਵਤਾਰਾਂ, ਪੀਰ-ਪੈਗੰਬਰਾਂ ਨੇ ਇਨਸਾਨ ਨੂੰ ਸਹੀ ਮਾਨਸਿਕ ਅਤੇ **ਆਤਮਿਕ ਜੀਵਨ ਸੇਧ** ਦੇਣ ਲਈ ਲੋੜ ਅਨੁਸਾਰ **ਧਰਮ ਚਲਾਏ ।**

ਇਹਨਾਂ ਧਰਮਾਂ ਦੇ ਪ੍ਰਚਾਰ ਲਈ ਬੇਅੰਤ '**ਧਰਮ ਅਸਥਾਨ**' ਬਣੇ, ਜਿਨ੍ਹਾਂ ਵਿਚ ਗੁਣੀ-ਗਿਆਨੀ ਅਤੇ ਧਾਰਮਿਕ ਪ੍ਰਚਾਰਕ ਆਪੋ-ਆਪਣੇ ਧਰਮ ਅਨੁਸਾਰ —ਪਾਠ-ਪੂਜਾ, ਕਰਮ-ਕ੍ਰਿਆ, ਵਰਤ-ਨੇਮ, ਜੋਗ ਸਾਧਨਾ ਅਤੇ **ਸਾਧ ਸੰਗਤ** ਆਦਿ ਦਾ ਪ੍ਰਚਾਰ ਕਰਦੇ ਆਏ ਹਨ ।

**ਪਿਛਲੇ ਜ਼ਮਾਨੇ ਨਾਲੋਂ ਅੱਜ ਕਲ** – ਧਰਮਾਂ, ਧਾਰਮਿਕ ਅਸਥਾਨਾਂ, ਜ਼ੁਬਾਨੀ ਪ੍ਰਚਾਰ, ਲਿਖਤੀ ਪ੍ਰਚਾਰ, ਟੇਪਾਂ ਵੀਡੀਓ ਰਾਹੀਂ ਪ੍ਰਚਾਰ, ਕੀਰਤਨੀ ਅਖਾੜੇ, **ਕਥਾ-ਵਾਰਤਾ, ਮਿਸ਼ਨਰੀ ਸੰਸਥਾਵਾਂ, ਧਾਰਮਿਕ ਸੰਸਥਾਵਾਂ** ਆਦਿ ਦੀ **ਭਰਮਾਰ ਹੈ** ਅਤੇ ਚਾਰ-ਚੁਫੇਰੇ **ਧਰਮ ਪ੍ਰਚਾਰ ਦਾ 'ਰਾਮ-ਰੌਲਾ' ਪਿਆ ਹੋਇਆ ਹੈ ।**

**ਪਰ ਬੇਅੰਤ ਪ੍ਰਚਾਰ ਦੇ 'ਬਾਵਜੂਦ'** ਜਨਤਾ ਦੀ ਬਹੁ ਸੰਮਤੀ ਧਰਮ ਵਿਚ **'ਦਿਲਚਸਪੀ' ਯਾ 'ਨਿਸਚਾ' ਨਹੀਂ ਰਖਦੀ** ਅਤੇ ਧਾਰਮਿਕ ਸਮਾਗਮਾਂ ਵਿਚ **ਸੰਗਤ ਕਰਨ** ਲਈ ਜਾਣ ਤੋਂ ਗੁਰੇਜ਼ ਅਥਵਾ ਸੰਕੋਚ ਕਰਦੀ ਹੈ ।

ਆਮ ਤੌਰ ਤੇ ਜੇ ਕੋਈ ਧਰਮ ਅਸਥਾਨਾਂ ਵਿਚ '**ਸਤਸੰਗ**' ਕਰਨ ਲਈ ਜਾਂਦੇ ਭੀ ਹਨ ਤਾਂ ਉਹ –

ਰੀਸੋ-ਰੀਸੀ
ਦੇਖਾ-ਦੇਖੀ
ਲੋਕ ਦਿਖਾਵੇ ਲਈ
ਗਰਜ਼ਾਂ ਦੀ ਪੂਰਤੀ ਲਈ
ਦੁੱਖਾਂ ਦੀ ਨਿਵਿਰਤੀ ਲਈ
ਅਉਗੁਣ ਛੁਪਾਉਣ ਲਈ
ਚੌਧਰ ਦੀ ਲਾਲਸਾ ਲਈ
ਦਿਮਾਗੀ ਸਿੰਗ ਅੜਾਉਣ ਲਈ
ਗਿਆਨ ਘੋਟਣ ਲਈ
'ਵਾਹ-ਵਾਹ' ਦੀ ਲਾਲਸਾ ਲਈ
ਰਾਗ ਦੇ ਕਰਤਬ ਦਿਖਾਉਣ ਲਈ

ਜਮਾਂ ਤੋਂ ਬਚਣ ਲਈ
ਨਰਕ ਤੋਂ ਬਚਣ ਲਈ

ਹੀ ਜਾਂਦੇ ਹਨ ।

ਇਹੋ ਜਿਹੀ **ਅਖੌਤੀ ਧਾਰਮਿਕ 'ਸੰਗਤ'** ਕਰਨ ਵਾਲੇ ਜੀਵ **ਹਉਮੈ-ਵੇੜ੍ਹੀ ਮੈਂ-ਮੇਰੀ ਦੀ 'ਰੰਗਤ' ਵਾਲੇ ਹੁੰਦੇ ਹਨ** – ਜਿਸ ਕਾਰਨ ਇਹਨਾਂ ਦਾ ਮਾਨਸਿਕ ਅਤੇ ਆਤਮਿਕ **ਜੀਵਨ ਉਚੇਰਾ ਅਤੇ ਦੈਵੀ ਹੋਣ ਦੀ ਬਜਾਏ – ਮੋਹ-ਮਾਇਆ ਦੇ ਖਲਜਗਣ ਵਿਚ ਪਲਚ-ਪਲਚ ਕੇ ਹੋਰ ਭੀ ਨਿਘਰਦਾ ਜਾਂਦਾ ਹੈ ।**

**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥** (ਪੰਨਾ-੧੩੩)

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ**
**ਏਕ ਰਤੀ ਬਿਨੁ ਏਕ ਰਤੀ ਕੇ ॥** (ਸਵੱਯੇ ਪਾ: ੧੦)

ਭੋਜਨ ਪਕਾਉਣ ਲਈ ਅੰਗੀਠੀ ਵਿਚ ਕੋਲੇ ਵਰਤੇ ਜਾਂਦੇ ਹਨ । ਇਹਨਾਂ ਕੋਲਿਆਂ ਵਿਚ **ਅਗਨੀ ਦਾ ਤੱਤ** ਹੁੰਦਾ ਹੈ – ਪਰ ਇਹਨਾਂ ਕੋਲਿਆਂ ਵਿਚੋਂ ਕਈ **ਪੱਥਰ ਦੇ ਟੁਕੜੇ** ਭੀ ਹੁੰਦੇ ਹਨ, ਜਿਨ੍ਹਾਂ ਵਿਚ ਅਗਨੀ ਤੱਤ ਨਹੀਂ ਹੁੰਦਾ ।

ਜੇਕਰ ਕੋਲਿਆਂ ਵਿਚ ਇਹਨਾਂ **ਪੱਥਰਾਂ ਦੇ ਟੁਕੜਿਆਂ** ਦੀ ਗਿਣਤੀ ਬਹੁਤੀ ਹੋਵੇ ਤਾਂ ਅੰਗੀਠੀ ਦਾ ਸੇਕ ਘੱਟ ਹੋ ਜਾਂਦਾ ਹੈ ਤੇ ਖਾਣਾ ਕੱਚਾ ਰਹਿ ਜਾਂਦਾ ਹੈ ।

ਆਮ ਤੌਰ ਤੇ **ਅਜੋਕੇ ਸਤਸੰਗ ਸਮਾਗਮਾਂ ਵਿਚ ਬਾਹਰਲੇ ਦਿਖਾਵੇ ਦੀ ਰੌਣਕ ਤਾਂ ਬਹੁਤੇਰੀ ਹੁੰਦੀ ਹੈ** – ਪਰ **ਆਤਮਿਕ ਜੀਵਨ-ਰੌਂ ਦੀ 'ਨਿੱਘ' ਅਤੇ 'ਪ੍ਰੇਮ- ਭਾਵਨਾ' ਦੀ ਘਾਟ ਹੁੰਦੀ ਹੈ**, ਜਿਸ ਕਾਰਨ ਉਥੇ ਪਾਠ-ਪੂਜਾ, **ਕਰਮ-ਕ੍ਰਿਆ ਦਾ 'ਰਾਮ-ਰੌਲਾ' ਤਾਂ ਬਹੁਤ ਹੁੰਦਾ ਹੈ** ਪਰ ਇਹ **ਧਾਰਮਿਕ ਕਰਮ-ਕਾਂਡ** – ਰੁੱਖੇ, ਸੁੱਕੇ, ਫੋਕੇ, ਓਪਰੇ ਜਿਹੇ, ਦਿਖਾਵੇ-ਮਾਤਰ, ਠਾਠਾ-ਬਾਗਾ, ਬੱਧਾ-ਚੱਟੀ, ਭਾਵਨਾ ਹੀਣ, **ਸ਼ਰਧਾ ਹੀਣ, 'ਪਿਆਰ' ਹੀਣ, 'ਜੀਵਨ-ਰੌਂ' ਹੀਣ, 'ਜੀਵਨ-ਨਿੱਘ' ਹੀਣ, 'ਪ੍ਰੇਮ-ਸਵੈਪਨਾ' ਹੀਣ, ਹੀ ਹੁੰਦੇ ਹਨ ।**

ਐਸੇ ਰੁੱਖੇ-ਸੁੱਕੇ, 'ਅਖੌਤੀ ਸਤਸੰਗ' ਸਮਾਗਮਾਂ ਵਿਚ **ਜਗਿਆਸੂਆਂ ਦੀਆਂ ਰੂਹਾਂ ਆਤਮਿਕ ਨਿੱਘ ਅਤੇ ਪ੍ਰੇਮ ਸਵੈਪਨਾ ਨਾਲ 'ਟੁੰਬੀਆਂ'** ਨਹੀਂ ਜਾਂਦੀਆਂ, **'ਛੋਹ'** ਹੀ **ਨਹੀਂ ਲਗਦੀ ਅਤੇ ਇਲਾਹੀ 'ਰਸ'-'ਰੰਗ'-'ਸਵਾਦ' ਤੋਂ ਵਾਂਝਿਆਂ ਰਹਿੰਦੇ ਹਨ ।** ਉਹਨਾਂ ਦੇ **ਮਾਨਸਿਕ ਅਤੇ ਆਤਮਿਕ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ**, ਬਲਕਿ ਮਾਇਕੀ ਰਸਾਤਲ ਵੱਲ ਹੋਰ ਨਿੱਘਰਦਾ ਜਾਂਦਾ ਹੈ ।

ਐਸੇ ਇਲਾਹੀ 'ਜੀਵਨ-ਰੌ' ਤੋਂ 'ਟੁੱਟੇ' ਅਤੇ 'ਨਾਮ' ਤੋਂ 'ਅਣਰੰਗੇ' ਅਥਵਾ 'ਸੱਖਣੇ' **ਮਨੁੱਖਾਂ ਦੇ 'ਇਕੱਠ' ਨੂੰ – 'ਸਾਧ ਸੰਗਤ' ਅਥਵਾ 'ਸਤ ਸੰਗਤ' ਕਹਿਣਾ, ਨਾਵਾਜਬ ਅਤੇ ਭੁਲੇਖਾ ਹੈ ।**

ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥
**ਨਾਮ ਬਿਹੂਨੜਿਆ ਸੇ ਮਰਨਿ ਵਿਸੂਰਿ ਵਿਸੂਰਿ ॥** (ਪੰਨਾ-੩੯੭)

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥**
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥...
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥
**ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥** (ਪੰਨਾ-੯੫੯)

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥
ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥
**ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥** (ਪੰਨਾ-੧੪੧੧)

**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥** (ਸਵੱਯੇ ਪਾ: ੧੦)

ਇਹੋ ਕਾਰਨ ਹੈ ਕਿ **ਸਾਰੀ ਉਮਰ, ਬਲਕਿ ਕਈ ਜਨਮਾਂ ਤੋਂ** ਇਹੋ ਜਿਹੀ **'ਆਤਮ-ਰੰਗ' ਤੋਂ 'ਕੋਰੀ' ਅਤੇ 'ਪ੍ਰੇਮ-ਸਵੈਪਨਾ' ਹੀਣ ਅਖੌਤੀ ਸੰਗਤ ਕਰਦਿਆਂ ਹੋਇਆਂ ਭੀ ਸਾਡੇ ਮਾਨਸਿਕ ਅਤੇ ਆਤਮਿਕ ਜੀਵਨ ਵਿਚ ਕੋਈ ਉਚੇਰੀ-ਚੰਗੇਰੀ-ਸੁਹਣੇਰੀ-ਦੈਵੀ** – ਤਬਦੀਲੀ, ਤਰੱਕੀ, ਸਾਹਸ, ਆਤਮ-ਰਸ, ਆਤਮ-ਰੰਗ, ਖਿੱਚ, ਪ੍ਰੀਤ, ਪ੍ਰੇਮ, ਚਾਉ, ਹੁੱਲਾਸ **ਦੀ 'ਝਲਕ' ਨਹੀਂ ਵਜਦੀ ।**

ਐਸੀ ਰੁੱਖੀ-ਸੁੱਕੀ ਫੋਕੀ **ਅਖੌਤੀ ਸੰਗਤ ਕਰਦਿਆਂ ਹੋਇਆਂ ਅਸੀਂ ਆਪਣੇ ਆਪ ਵਿਚ ਪੂਰਨ ਤੌਰ ਤੇ 'ਸੰਤੁਸ਼ਟ' ਹੁੰਦੇ ਹਾਂ ਅਤੇ ਲੋਕਾਂ ਨੂੰ ਭੀ ਇਹੋ ਜਿਹੀ ਅਖੌਤੀ ਸੰਗਤ ਵੱਲ ਪ੍ਰੇਰਦੇ ਹਾਂ ।**

ਕਿਸੇ ਵਿਦਿਅਕ, ਵਿਗਿਆਨਕ, ਸਮਾਜਿਕ, ਧਾਰਮਿਕ ਆਦਿ ਸੰਸਥਾਵਾਂ ਦਾ **ਮਾਹੌਲ-ਵਡਿਆਈ ਯਾ ਉੱਚਤਾਈ** – ਉਹਨਾਂ ਦੇ ਮੋਢੀ, ਪ੍ਰਬੰਧਕ, ਪ੍ਰਚਾਰਕ, ਸੇਵਾਦਾਰਾਂ **ਉਤੇ ਨਿਰਭਰ ਹੁੰਦੀ ਹੈ ।** ਸਿਰਫ਼ ਸੋਹਣੇ ਨਾਵਾਂ, ਥਾਵਾਂ ਅਤੇ ਇਮਾਰਤਾਂ ਦੀ ਸ਼ਾਨ ਹੀ ਇਹਨਾਂ ਸੰਸਥਾਵਾਂ ਦੀ **ਅੰਦਰਲੀ ਵਡਿਆਈ ਯਾ ਉਚਾਈ ਦਾ ਪ੍ਰਤੀਕ ਨਹੀਂ ਹੋ ਸਕਦੀ ।**

ਮਿਸਾਲ ਦੇ ਤੌਰ ਤੇ ਸਕੂਲ ਯਾ ਕਾਲਜ ਦੇ ਸੋਹਣੇ ਮੰਦਰ ਅਤੇ ਆਲਾ-ਦੁਆਲਾ ਅਤੇ ਗੁਰੂ ਸਾਹਿਬਾਂ ਦੀਆਂ ਹਸਤੀਆਂ ਨਮਿੱਤ ਨਾਮ ਰੱਖ ਕੇ ਜੇ **ਉਹਨਾਂ ਵਿਚ ਉਚੀ-ਸੁਚੀ ਆਤਮਿਕ ਸਿਖਿਆ ਦੇ ਧਾਰਮਿਕ ਮਾਹੌਲ ਦਾ ਵਾਤਾਵਰਨ ਨਾ ਹੋਵੇ ਤਾਂ ਇਹ ਸਭ ਕੁਛ ਦਿਖਾਵੇ ਮਾਤਰ ਹੀ ਹੋ ਜਾਂਦਾ ਹੈ** ਅਤੇ ਐਸੇ ਵਿਦਿਅਕ ਕਾਲਜਾਂ ਦੇ ਬੱਚੇ ਸਹੀ **ਉਚੀ-ਸੁੱਚੀ ਧਾਰਮਿਕ ਅਥਵਾ ਆਤਮਿਕ ਜੀਵਨ-ਸੇਧ ਤੋਂ ਵਾਂਝੇ ਰਹਿੰਦੇ ਹਨ ।**

**'ਸੰਗਤ' — ਲਫ਼ਜ਼ 'ਆਤਮਿਕ ਮੰਡਲ' ਦੀਆਂ ਅਤਿ ਸੂਖਮ ਭਾਵਨਾਵਾਂ ਅਤੇ 'ਪ੍ਰੇਮ ਸਵੈਪਨਾਵਾਂ' ਦੇ ਉਚੇ-ਸੁੱਚੇ ਇਲਾਹੀ ਆਦੇਸ਼ਾਂ ਅਤੇ 'ਅਜਲ ਦੇ ਸੁਨੇਹੜਿਆਂ' ਦਾ ਪ੍ਰਤੀਕ ਹੈ** । ਜਿਸ ਵਿਚ **ਆਤਮਿਕ ਗੁਣਾਂ ਦਾ ਵਰਤ-ਵਰਤਾਰਾ ਹੁੰਦਾ ਹੈ ਅਤੇ ਉਥੇ** — ਸ਼ਾਂਤੀ ਹੈ, ਠੰਢ ਹੈ, ਪ੍ਰੀਤ ਹੈ, ਪਿਆਰ ਹੈ, ਚਾਉ ਹੈ, ਆਤਮ ਰਸ ਹੈ, ਆਤਮ ਰੰਗ ਹੈ, ਪ੍ਰੇਮ ਸਵੈਪਨਾ ਹੈ, ਸ਼ਬਦ ਹੈ, ਨਾਮ ਹੈ, ਕੁਸ਼ਲ ਖੇਮ ਹੈ, ਸਦੀਵੀ ਸੁਖ ਹੈ ।

ਜਿਥੇ ਇਹੋ ਜਿਹੇ **ਆਤਮਿਕ ਰੰਗਣ ਵਾਲਾ 'ਮਾਹੌਲ'** ਹੋਵੇ, ਉਸ ਨੂੰ ਹੀ **'ਸਤਸੰਗਤ' ਅਥਵਾ 'ਸਾਧਸੰਗਤ' ਕਿਹਾ ਗਿਆ ਹੈ** ।

ਪਰ **'ਸਤਸੰਗ'** ਯਾ **'ਸਾਧਸੰਗਤ'** ਦੀ ਬਾਬਤ ਭੀ **'ਭੁਲੇਖੇ' ਪਏ ਹੋਏ ਹਨ**, ਇਹਨਾਂ ਭੁਲੇਖਿਆਂ ਦਾ ਨਿਰਣਾ ਕਰਨ ਦੀ ਲੋੜ ਹੈ ।

ਆਮ ਤੌਰ ਤੇ ਦੁਨਿਆਵੀ ਬੰਦਿਆਂ ਦੇ ਇਕੱਠ ਨੂੰ **'ਸਾਧਸੰਗਤ' ਯਾ 'ਸਤਸੰਗਤ'** ਕਿਹਾ ਜਾਂਦਾ ਹੈ — ਪਰ ਗੁਰਬਾਣੀ ਦੇ ਆਸ਼ੇ ਅਨੁਸਾਰ —

ਬਖਸ਼ਿਆਂ ਹੋਇਆਂ
ਮਹਾਂਪੁਰਖਾਂ
ਸੰਤਾਂ
ਸਾਧ ਜਨਾਂ
ਭਗਤਾਂ
ਸਿਮਰਨ ਵਾਲਿਆਂ
'ਸ਼ਬਦ-ਸੁਰਤਿ' ਵਾਲਿਆਂ
ਅਨਹਦ ਸ਼ਬਦ ਵਿਚ ਲੀਨ ਹੋਏ
ਗੁਰੂ ਪਿਆਰ ਵਿਚ ਰੰਗੇ ਹੋਏ
'ਨਾਨਕ ਘਰ ਦੇ ਗੋਲੇ' ਬਣੇ ਹੋਏ
'ਬੈ-ਖਰੀਦ' ਸੇਵਕ ਬਣੇ ਹੋਏ
'ਪ੍ਰੇਮ-ਸਵੈਪਨਾ' ਦੀ ਮਸਤੀ ਵਾਲੇ
'ਪ੍ਰੇਮ ਰਸ' ਵਿਚ ਖੀਵੇ ਹੋਏ
'ਪ੍ਰੇਮ-ਪਿਆਲੇ' ਨਾਲ ਨਸ਼ਈ ਹੋਏ

'ਚੁੱਪ-ਪ੍ਰੀਤ' ਵਿਚ ਮਤਵਾਰੇ ਹੋਏ

**ਗੁਰਮੁਖ ਪਿਆਰਿਆਂ ਦੀ 'ਸੰਗ਼ਤ' ਨੂੰ ਹੀ ਗੁਰਬਾਣੀ ਵਿਚ —**

ਸਤਿ ਸੰਗਤ
ਸਾਧ ਸੰਗਤ
ਦੈਵੀ ਸੰਗਤ
ਉਚੀ ਸੰਗਤ
ਸੁੱਚੀ ਸੰਗਤ
ਆਤਮ ਸੰਗਤ
ਸੱਚ ਸੰਗਤ
ਗੁਰ ਸੰਗਤ
ਸੰਤ ਮੰਡਲੀ
ਸਾਧ ਸਭਾ
ਗੁਰ ਸਭਾ
ਉਤਮ ਪੰਥ
ਸੰਤ ਸਜਨ ਪਰਵਾਰੁ

ਆਦਿ **ਅਖਰਾਂ ਦੁਆਰਾ ਸਨਮਾਨਿਆ ਗਿਆ ਹੈ ।**

ਗੁਰਬਾਣੀ ਵਿਚ ਐਸੀ **ਆਤਮਿਕ ਰੰਗਣ ਵਾਲੀ 'ਸਤਸੰਗਤ'** ਅਥਵਾ **'ਸਾਧਸੰਗਤ'** ਦੀ ਵਡਿਆਈ ਅਪਰ-ਅਪਾਰ ਦਰਸਾਈ ਗਈ ਹੈ —

ਸਤਸੰਗਤਿ ਕੈਸੀ ਜਾਣੀਐ ॥
**ਜਿਥੈ ਏਕੋ ਨਾਮੁ ਵਖਾਣੀਐ ॥** (ਪੰਨਾ-੭੨)

**ਸੰਤ ਸਭਾ ਕਉ ਸਦਾ ਜੈਕਾਰੁ ॥**
ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ (ਪੰਨਾ-੧੯੩)

**ਸੰਤਸੰਗਿ ਹਰਿ ਮਨਿ ਵਸੈ ॥**
ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ (ਪੰਨਾ-੨੧੧)

**ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥**
ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ ॥ (ਪੰਨਾ-੩੧੧)

ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥ (ਪੰਨਾ-੫੩੧)

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ।
(ਪੰਨਾ-੬੪੨)

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ (ਪੰਨਾ-੮੦੯)

**ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥**
ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥ (ਪੰਨਾ-੮੯੯)

**ਸੰਤ ਮੰਡਲ ਮਹਿ ਹਰਿ ਮਨਿ ਵਸੈ ॥**
**ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥**
**ਸੰਤ ਮੰਡਲ ਮਹਿ ਨਿਰਮਲ ਰੀਤਿ ॥**
**ਸੰਤਸੰਗਿ ਹੋਇ ਏਕ ਪਰੀਤਿ ॥੧॥**
**ਸੰਤ ਮੰਡਲੁ ਤਹਾ ਕਾ ਨਾਉ ॥**
**ਪਾਰਬ੍ਰਹਮ ਕੇਵਲ ਗੁਣ ਗਾਉ ॥** (ਪੰਨਾ-੧੧੪੬)

ਅਗਮ ਅਗਾਧਿ ਸੁਨਹੁ ਜਨ ਕਥਾ ॥
ਪਾਰਬ੍ਰਹਮ ਕੀ ਅਚਰਜ ਸਭਾ ॥ (ਪੰਨਾ-੧੨੩੫)

ਪਰ ਐਸੀ ਉਚੀ-ਸੁਚੀ 'ਆਤਮਿਕ ਸੰਗਤਿ' ਗੁਰੂ ਦੀ **ਕਿਰਪਾ ਅਤੇ ਵੱਡੇ ਭਾਗਾਂ ਨਾਲ ਹੀ ਮਿਲਦੀ ਹੈ** —

**ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥**
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-੭੧)

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ (ਪੰਨਾ-੫੬)

ਜਾ ਕੈ ਹਰਿ ਧਨੁ ਸੋਈ ਸੁਹੇਲਾ ॥
**ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥** (ਪੰਨਾ-੧੭੯)

**ਕਿਰਪਾ ਨਿਧਿ ਕਿਰਪਾਲ ਧਿਆਵਉ ॥**
**ਸਾਧਸੰਗਿ ਤਾ ਬੈਠਣੁ ਪਾਵਉ ॥** (ਪੰਨਾ-੧੯੩)

**ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥**
ਕਹੁ ਨਾਨਕ ਗੁਰਿ ਜਗਤੁ ਤਰਾਇਆ ॥ (ਪੰਨਾ-੨੩੯)

**ਕਰਿ ਕਿਰਪਾ ਸਤਸੰਗਿ ਮਿਲਾਏ ॥**
ਨਾਨਕ ਤਾ ਕੈ ਨਿਕਟਿ ਨ ਮਾਏ ॥ (ਪੰਨਾ-੨੫੧)

**ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥**

(ਪੰਨਾ-੧੨੫੨)

ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥ (ਪੰਨਾ-੨੯)

**ਵਡਭਾਗੀ ਹਰਿ ਸੰਗਤਿ ਪਾਵਹਿ ॥**
ਭਾਗਹੀਨ ਭ੍ਰਮਿ ਚੋਟਾ ਖਾਵਹਿ ॥ (ਪੰਨਾ-੯੫)

**ਪੂਰਨ ਭਾਗ ਭਏ ਜਿਸੁ ਪ੍ਰਾਣੀ ॥**
**ਸਾਧਸੰਗਿ ਮਿਲੇ ਸਾਰੰਗਪਾਣੀ ॥** (ਪੰਨਾ-੧੦੮)

**ਕਰਮੁ ਹੋਵੈ ਸਤਸੰਗਿ ਮਿਲਾਏ ॥**
ਹਰਿ ਗੁਣ ਗਾਵੈ ਬੈਸਿ ਸੁ ਥਾਏ ॥ (ਪੰਨਾ-੧੫੮)

ਪਰ, **ਦੁਨੀਆ ਵਿਚ ਐਸੇ ਬਖਸ਼ੇ ਹੋਏ ਗੁਰਮੁਖ ਪਿਆਰੇ 'ਵਿਰਲੇ' ਹੀ ਹੁੰਦੇ** ਹਨ —

ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ॥
**ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥** (ਪੰਨਾ-੨੯੭)

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥

(ਪੰਨਾ-੩੮੪)

**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥** (ਪੰਨਾ-੫੧੭)

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
**ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥** (ਪੰਨਾ-੫੨੦)

**ਐਸੇ ਜਨ ਵਿਰਲੇ ਸੰਸਾਰੇ ॥**
**ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥**
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥

(ਪੰਨਾ-੧੦੩੯)

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥** (ਪੰਨਾ-੧੪੧੧)

ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ ॥
**ਨਾਨਕ ਵਿਰਲੇ ਪਾਈਅਹਿ ਤਿਸੁ ਜਨ ਕੀਮ ਨ ਮੂਲਿ ॥** (ਪੰਨਾ-੯੬੬)

ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥
**ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥** (ਪੰਨਾ-੧੧੦੦)

ਐਸੀ—ਉਚੀ, ਸੁੱਚੀ, ਨਾਮ-ਰਸ, ਆਤਮ-ਰੰਗ, ਜੀਉਂਦੀ-ਜਾਗਦੀ, ਥਰ-ਥਰਾਉਂਦੀ, ਰੁਣ-ਝੁਣ ਲਾਉਂਦੀ, ਆਤਮ-ਛੋਹ, ਪ੍ਰੇਮ-ਪਦਾਰਥ ਦੀ ਲੇਵਾਦੇਵੀ, ਆਤਮਿਕ ਵਣਜ ਵਪਾਰ, ਅਜਲ ਦੇ ਸੁਨੇਹੜੇ, ਚੁੱਪ-ਪ੍ਰੀਤ ਦੀਆਂ ਭਾਵਨਾਵਾਂ, ਪ੍ਰੇਮ ਸਵੈਪਨਾ ਦੇ ਅਕਾਸ਼ ਵਿਚ ਉਡਾਰੀਆਂ ਲਾਉਣ ਵਾਲੀ **ਸੰਤ ਮੰਡਲੀ** ਨੂੰ ਹੀ **'ਸਾਧ ਸੰਗਤ'** ਮੰਨਿਆ ਗਿਆ ਹੈ ।

**ਐਸੀ ਆਤਮਿਕ ਰੰਗਣ ਵਾਲੀ 'ਸਤਸੰਗਤ' ਅਥਵਾ 'ਸਾਧ ਸੰਗਤ' ਦੇ ਆਤਮ-ਪ੍ਰਭਾਵ ਵਿਚ ਜਗਿਆਸੂਆਂ ਦੇ ਮਨਾਂ ਦੀਆਂ ਬਿਰਤੀਆਂ —**

**ਦੁਨੀਆਂ ਵੱਲੋਂ ਮੁੜਦੀਆਂ ਹਨ**

ਅਤੇ

**ਅਪਣੇ ਆਪੇ ਵਿਚ ਜੁੜਦੀਆਂ ਹਨ ।**

**ਐਸੇ ਉਤਮ 'ਸਤਸੰਗ' ਅਥਵਾ ਸਾਧ ਸੰਗਤ ਵਿਚ ਮਨ —**

ਠੰਢਾ ਹੁੰਦਾ ਹੈ,
ਟੁੰਬਿਆ ਜਾਂਦਾ ਹੈ,
ਆਤਮ-ਛੋਹ ਦੀ 'ਕੰਬਣੀ' ਛਿੜਦੀ ਹੈ,
'ਕੰਬਣੀ' ਵਿਚ 'ਰੁਣ-ਝੁਣ' ਮਹਿਸੂਸ ਹੁੰਦੀ ਹੈ,
ਅੰਤਰ-ਆਤਮੇ ਵਲ 'ਖਿੱਚ' ਪੈਂਦੀ ਹੈ,
ਪਿਆਰ ਦੀਆਂ ਤਰਬਾਂ ਟੁੰਬੀਆਂ ਜਾਂਦੀਆਂ ਹਨ,
'ਪ੍ਰੇਮ ਸਵੈਪਨਾ' ਦੀ ਸੂਖਮ 'ਥਰਥਰਾਹਟ' ਹੁੰਦੀ ਹੈ,
ਆਤਮ-ਪਿਆਰ 'ਖਿੱਚ' ਖਾਂਦਾ ਹੈ,
'ਪ੍ਰੀਤ ਵਲਵਲਿਆਂ' ਦੀਆਂ ਉਡਾਰੀਆਂ ਲਗਦੀਆਂ ਹਨ,
'ਪ੍ਰੇਮ-ਪ੍ਰਕਾਸ਼' ਵਿਚ ਲੀਨ ਹੁੰਦਾ ਹੈ,
'ਪ੍ਰੇਮ-ਰਸ' ਦੇ 'ਸੂਖਮ ਤਰੰਗ' ਮਾਣਦਾ ਹੈ,
ਇਲਾਹੀ ਰਾਗ ਦੀ 'ਧੁਨੀ' ਛਿੜਦੀ ਹੈ,
'ਅਨਹਦ ਧੁਨੀ' ਸੁਣਾਈ ਦੇਂਦੀ ਹੈ,
'ਅਨਹਦ ਸਬਦ' ਦੀ 'ਰੁਣ-ਝੁਣ' ਛਿੜਦੀ ਹੈ,
'ਇਲਾਹੀ ਨਾਦ' ਵਿਚ 'ਮਗਨਤਾ' ਆਉਂਦੀ ਹੈ,
'ਮਗਨਤਾ' ਵਿਚ 'ਬੇ-ਖੁਦੀ' ਹੁੰਦੀ ਹੈ,
'ਬੇ-ਖੁਦੀ' ਵਿਚ 'ਬਿਸਮਾਦ' ਹੁੰਦਾ ਹੈ,

ਪ੍ਰੇਮ-ਪਿਆਲੇ ਦੀ 'ਖੁਮਾਰੀ' ਚੜ੍ਹਦੀ ਹੈ,
'ਖੁਮਾਰੀ' ਵਿਚ ਅੱਖਾਂ 'ਨਸ਼ਈ' ਹੋ ਜਾਂਦੀਆਂ ਹਨ,
ਨਸ਼ਈ ਅੱਖਾਂ ਵਿਚ 'ਆਤਮਿਕ ਚਮਕ' ਹੁੰਦੀ ਹੈ,
ਚਮਕਦੀਆਂ ਅੱਖਾਂ ਵਿਚ 'ਬਿਨੌਂਦੀ' ਹੁੰਦੀ ਹੈ,
'ਬਿਨੌਂਦੀ' ਵਿਚ 'ਪਿਆਰ ਦੀ ਝਲਕ' ਹੁੰਦੀ ਹੈ,
ਪਿਆਰ ਦੀ ਝਲਕ ਵਿਚ 'ਖਿੱਚ' ਹੁੰਦੀ ਹੈ,
ਇਲਾਹੀ ਝਲਕ ਵਿਚ 'ਅਜਲਾਂ ਦੇ ਸੁਨੇਹੇ' ਹੁੰਦੇ ਹਨ,
ਇਲਾਹੀ ਸੁਨੇਹਿਆਂ ਵਿਚ 'ਸਬਦੁ' ਦਾ ਪ੍ਰਕਾਸ਼ ਹੁੰਦਾ ਹੈ,
ਸ਼ਬਦ ਦੇ ਪ੍ਰਕਾਸ਼ ਵਿਚ 'ਨਾਮ ਦਾ ਰਸ' ਹੁੰਦਾ ਹੈ,
'ਚੁਪ-ਪ੍ਰੀਤ' ਦੇ ਸੌਦੇ ਹੁੰਦੇ ਹਨ,
ਆਤਮ ਰੰਗ ਦਾ 'ਵਪਾਰ' ਹੁੰਦਾ ਹੈ,
ਮਹਾਂ ਰਸ ਦੀ 'ਲੇਵਾ-ਦੇਵੀ' ਹੁੰਦੀ ਹੈ,
'ਨਉ-ਨਿਧ ਨਾਮ' ਦੀ 'ਸਾਂਝ' ਹੁੰਦੀ ਹੈ,
'ਅੰਮ੍ਰਿਤ ਨਾਮ ਭੋਜਨ' ਵਰਤਦਾ ਹੈ,
'ਖਾਵਹਿ ਖਰਚਹਿ ਰਲਿ ਮਿਲਿ ਭਾਈ' ਦਾ ਵਰਤਾਰਾ ਹੁੰਦਾ ਹੈ,
**ਮਨ ਨੂੰ 'ਨਾਵੈ ਕਾ ਰੰਗ' ਚੜ੍ਹਦਾ ਹੈ ।**

ਇਸ ਲਈ ਗੁਰਮੁਖ ਪਿਆਰਿਆਂ ਦਾ 'ਮੇਲ' ਯਾ 'ਸੰਗਤ' ਹੀ ਉਤਮ ਖ਼ਿਆਲਾਂ **ਅਤੇ ਇਲਾਹੀ ਭਾਵਨਾਵਾਂ ਦੇ ਵਟਾਂਦਰੇ, 'ਲੇਵਾ-ਦੇਵੀ' ਜਾਂ 'ਪ੍ਰਚਾਰ' ਦਾ ਸੌਖਾ ਅਤੇ ਅਸਰਦਾਇਕ ਸਾਧਨ ਹੈ ।** ਇਕ ਦੂਜੇ ਦੇ ਮਨਾਂ ਉਤੇ ਖ਼ਿਆਲਾਂ ਦਾ ਪ੍ਰਭਾਵ **ਪਾਉਣ ਲਈ —**

**ਇਕ ਪਾਸੇ**

**ਖ਼ਿਆਲਾਂ ਦੀ ਦ੍ਰਿੜ੍ਹਤਾ ਅਤੇ ਸ਼ਰਧਾ ਭਾਵਨੀ ਦੀ ਤੀਬਰਤਾ ਅਤੇ**

**ਦੂਜੇ ਪਾਸੇ**

**ਗ੍ਰਹਿਣ ਕਰਨ ਦੀ ਸ਼ਕਤੀ** ਅਥਵਾ ਤੀਬਰ **'ਭੁੱਖ'** ਯਾ **'ਪਿਆਸ'**

**ਲੋੜੀਂਦੀ ਹੈ ।**

**ਦ੍ਰਿੜ੍ਹ ਵਿਸ਼ਵਾਸ ਅਤੇ ਡੂੰਘੀ ਸ਼ਰਧਾ ਭਾਵਨੀ ਵਾਲੇ 'ਮਨਾਂ' ਦੇ ਦਾਮਨਿਕ ਆਤਮਿਕ ਪ੍ਰਭਾਵ ਨਾਲ ਸਧਾਰਨ ਮਨਾਂ ਉਤੇ ਸਹਿਜੇ ਹੀ ਅਸਰ ਪੈਂਦਾ ਹੈ ।**

ਜਿਥੇ, ਕਿਸੇ ਆਮ 'ਸੰਗਤ' ਦੇ ਇਕੱਠ ਵਿਚ ਜ਼ੁਬਾਨੀ ਦਿਮਾਗੀ ਪ੍ਰਚਾਰ ਦਾ **ਅਸਰ ਥੋੜੇ ਚਿਰ ਲਈ ਓਪਰਾ ਜਿਹਾ ਹੁੰਦਾ ਹੈ**, ਉਥੇ ਆਤਮਿਕ ਜੀਵਨ ਵਾਲੇ **ਮਹਾਂਪੁਰਖਾਂ ਦੀ 'ਦਾਮਨਿਕ ਸੰਗਤ' ਵਿਚ ਸ਼ਾਮਲ ਹੋਣ ਨਾਲ ਹੀ ਉਹਨਾਂ ਵਿਚੋਂ ਉਪਜੀਆਂ ਤੀਖਣ ਅਤੇ ਦਾਮਨਿਕ 'ਆਤਮਿਕ ਕਿਰਨਾਂ'** – **ਜਗਿਆਸੂਆਂ ਦੀਆਂ ਰੂਹਾਂ ਨੂੰ ਟੁੰਬਕੇ, ਚੁੱਪ-ਚੁਪੀਤੇ ਹੀ**, ਉਨ੍ਹਾਂ ਦਾ **'ਜੀਵਨ' ਬਦਲ ਸਕਦੀਆਂ ਹਨ ।**

ਇਹੀ ਅਸੂਲ **ਮਹਾਂ ਪੁਰਖਾਂ ਦੀਆਂ 'ਲੇਖਣੀਆਂ'** ਤੇ **ਭੀ ਘਟਦਾ ਹੈ**, ਜੋ ਕਿ ਉਨ੍ਹਾਂ ਦੇ ਆਤਮਿਕ **'ਅਨੁਭਵੀ ਗਿਆਨ'** ਅਤੇ **ਦ੍ਰਿੜ੍ਹ ਸ਼ਰਧਾ-ਭਾਵਨੀ** ਤੋਂ ਉਪਜਦੀਆਂ ਹਨ । ਐਸੀਆਂ 'ਲੇਖਣੀਆਂ' **ਆਤਮਿਕ ਮੰਡਲ ਦੇ 'ਅਨੁਭਵੀ ਪ੍ਰਕਾਸ਼' ਦਾ ਪ੍ਰਗਟਾਵਾ ਤੇ ਪ੍ਰਤੀਕ ਹੁੰਦੀਆਂ ਹਨ ।**

ਇਹ **ਅਨੁਭਵੀ ਪ੍ਰਕਾਸ਼ ਦੀਆਂ 'ਲਿਸ਼ਕਾਂ' ਅਥਵਾ 'ਇਲਾਹੀ ਕਿਰਨਾਂ'** ਸਦਾ – **ਨਿਰੋਲ, ਨਿਰਮਲ, ਸਜਰੀਆਂ, ਇਲਾਹੀ 'ਝਲਕਾਂ'** ਹੁੰਦੀਆਂ ਹਨ, ਜੋ ਹੋਰਨਾਂ ਰੂਹਾਂ ਨੂੰ **'ਟੁੰਬਣ' ਅਤੇ 'ਆਤਮਿਕ ਚਿਣਗ'** ਨਾਲ **ਜਗਾਉਣ ਦੀ ਸ਼ਕਤੀ ਰਖਦੀਆਂ ਹਨ ।**

ਅਸਥੂਲ ਪੱਧਰ ਤੇ, ਜੇਕਰ 'ਲੇਜ਼ਰ ਰੇਜ਼' (laser rays) ਧਾਤ ਦੀਆਂ ਮੋਟੀਆਂ ਚਾਦਰਾਂ ਨੂੰ **ਵਿੰਨ੍ਹ ਸਕਦੀਆਂ ਹਨ** ਅਤੇ ਪਰਮਾਣੂ ਬੰਬ ਤੋਂ ਨਿਕਲੀਆਂ ਹੋਈਆਂ ਦਾਮਨਿਕ ਕਿਰਨਾਂ (dynamic rays) ਇਤਨੀ ਬਰਬਾਦੀ ਕਰ ਸਕਦੀਆਂ ਹਨ ਤਾਂ ਬਖਸ਼ੇ ਹੋਏ ਮਹਾਂ-ਪੁਰਖਾਂ ਦੀ **'ਸੰਗਤ' ਵਿਚੋਂ ਨਿਕਲੀਆਂ 'ਦਾਮਨਿਕ ਆਤਮਿਕ ਕਿਰਨਾਂ' ਭੀ**, ਮਾਇਆ ਦੇ ਮੋਟੇ ਸਬੱਲ **ਮਾਨਸਿਕ 'ਛੌੜ' ਯਾ ਭਰਮ ਦੇ ਕਾਲੇ-ਬੋਲੇ 'ਬੱਦਲ' ਚੀਰ ਕੇ** –

ਜੀਵ ਦੀ ਆਤਮਾ ਨੂੰ ਜਾ **ਛੂੰਹਦੀਆਂ ਹਨ**

**ਅਤੇ**

ਆਤਮਿਕ **ਪ੍ਰਕਾਸ਼-ਮਈ ਮੰਡਲ ਦਾ 'ਝਲਕਾਰਾ'**

(Divine glimpses) **ਦਿਖਾ ਸਕਦੀਆਂ ਹਨ** !!

ਦੂਜੇ ਲਫ਼ਜ਼ਾਂ ਵਿਚ ਜੇਕਰ **ਸ਼ਕਤੀਸ਼ਾਲੀ ਮਨ** – ਸਾਧਾਰਨ ਮਨਾਂ ਦੇ ਦਿਮਾਗੀ ਵਲਵਲਿਆਂ ਦੀ 'ਸਤਹ' ਉਤੇ ਇਤਨਾ **ਅਸਰ ਪਾ ਸਕਦਾ ਹੈ ਤਾਂ ਬਖਸ਼ੇ ਹੋਏ ਆਤਮਿਕ ਜੀਵਨ ਵਾਲੇ ਮਹਾਂਪੁਰਖਾਂ – ਗੁਰਮੁਖ ਪਿਆਰਿਆਂ ਦੀਆਂ 'ਇਲਾਹੀ ਕਿਰਨਾਂ' ਜਗਿਆਸੂਆਂ ਦੀਆਂ ਰੂਹਾਂ ਨੂੰ – 'ਟੁੰਬ' ਕੇ, 'ਜਗਾ' ਕੇ, ਆਤਮ-'ਛੋਹ' ਦੁਆਰਾ, ਆਤਮਿਕ 'ਚਿਣਗ' ਦੁਆਰਾ ਇਲਾਹੀ 'ਪ੍ਰਕਾਸ਼ ਮੰਡਲ' ਦਾ 'ਲਿਸ਼ਕਾਰਾ' ਦਿਖਾ ਸਕਦੀਆਂ ਹਨ** !!

ਇਸ ਤਰ੍ਹਾਂ ਸੱਚੀ-ਸੁੱਚੀ 'ਸਤਸੰਗਤਿ' ਅਥਵਾ 'ਸਾਧ ਸੰਗਤ' ਤੋਂ ਉਪਜੀਆਂ ਕਿਰਨਾਂ ਜਗਿਆਸੂ ਦੀ ਰੂਹ ਨੂੰ ਚੁੱਪ-ਚੁਪੀਤੇ ਹੀ ਬਦਲ ਦਿੰਦੀਆਂ ਹਨ ਅਤੇ ਉਨ੍ਹਾਂ ਦਾ ਆਤਮਿਕ ਮੰਡਲ ਵਿਚ 'ਨਵਾਂ' ਜਨਮ ਹੁੰਦਾ ਹੈ ।

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥**
(ਪੰਨਾ-੨੦੪)

ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ **ਸਾਧ ਸਰਣਿ ਨਾਨਕ ਤੇ ਆਏ ॥**
(ਪੰਨਾ-੨੯੬)

**ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥**
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ (ਪੰਨਾ-੭੭੪-੭੫)

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ ॥** (ਪੰਨਾ-੧੦)

**ਨਾਨਕ ਹਰਿ ਜਸੁ ਸੰਗਤਿ ਪਾਈਐ**
**ਹਰਿ ਸਹਜੇ ਸਹਜਿ ਮਿਲਾਇਆ ॥** (ਪੰਨਾ-੧੦੪੨)

**ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥**
(ਪੰਨਾ-੯੦੯)

**ਵਡੈ ਭਾਗਿ ਪਾਇਆ ਸਾਧਸੰਗੁ ॥**
**ਪਾਰਬ੍ਰਹਮ ਸਿਉ ਲਾਗੋ ਰੰਗੁ ॥** (ਪੰਨਾ-੧੭੮)

**ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥**
(ਪੰਨਾ-੧੧੯੮)

ਜੇ ਵਡ ਭਾਗ ਹੋਵਹਿ ਮੁਖਿ ਮਸਤਕਿ **ਹਰਿ ਰਾਮ ਜਨਾ ਭੇਟਾਇ ॥** (ਪੰਨਾ-੮੯੧)

**ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥**
(ਪੰਨਾ-੧੦੪੪)

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ (ਪੰਨਾ-੩੮੪)

**ਸੁਭਰ ਭਰੇ ਪ੍ਰੇਮ ਰਸ ਰੰਗਿ ॥**
**ਉਪਜੈ ਚਾਉ ਸਾਧ ਕੈ ਸੰਗਿ ॥** (ਪੰਨਾ-੨੯੯)

**ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ ॥**
(ਪੰ.-੪੫੪)

**ਸਾਧ ਕੈ ਸੰਗਿ ਨਹੀ ਕਛੁ ਘਾਲ ॥**
**ਦਰਸਨੁ ਭੇਟਤ ਹੋਤ ਨਿਹਾਲ ॥** (ਪੰਨਾ-੨੭੨)

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ
**ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥** (ਪੰਨਾ-੪੯੨)

ਓਤਿ ਪੋਤਿ ਰਵਿਆ ਰੂਪ ਰੰਗ ॥
**ਭਏ ਪ੍ਰਗਾਸ ਸਾਧ ਕੈ ਸੰਗ ॥** (ਪੰਨਾ-੨੯੭-੯੮)

**ਸਾਧਸੰਗਿ ਬਸਤੁ ਅਗੋਚਰ ਲਹੈ ॥**
**ਸਾਧੂ ਕੈ ਸੰਗਿ ਅਜਰੁ ਸਹੈ ॥** (ਪੰਨਾ-੨੭੧)

**ਸਾਧੂ ਸੰਗਿ ਸਿਖਾਇਓ ਨਾਮੁ ॥**
ਸਰਬ ਮਨੋਰਥ ਪੂਰਨ ਕਾਮ ॥ (ਪੰਨਾ-੩੯੩)

ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥
**ਸਾਧਸੰਗਤਿ ਊਂਧ ਕਮਲ ਬਿਗਾਸ ॥** (ਪੰਨਾ-੧੧੪੮)

ਐਸੀ ਉਚੀ-ਸੁਚੀ ਆਤਮਿਕ ਸਤਸੰਗਤ ਅਥਵਾ '**ਸਾਧ ਸੰਗਤ**' ਲਈ ਗੁਰਬਾਣੀ ਸਾਨੂੰ ਇਉਂ ਜਾਚਨਾ ਕਰਨੀ ਸਿਖਾਉਂਦੀ ਹੈ —

**ਸਾਧਸੰਗਿ ਪ੍ਰਭ ਦੇਹੁ ਨਿਵਾਸ ॥**
**ਸਰਬ ਸੂਖ ਨਾਨਕ ਪਰਗਾਸ ॥** (ਪੰਨਾ-੨੯੦)

**ਹਰਿ ਜੀਉ ਆਗੈ ਕਰੀ ਅਰਦਾਸਿ ॥**
**ਸਾਧੂ ਜਨ ਸੰਗਤਿ ਹੋਇ ਨਿਵਾਸੁ ॥**
**ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥** (ਪੰਨਾ-੪੧੫)

ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ ਮਿਲਿ ਸਾਧੂ ਸੰਗਿ ਅਘਾਣੇ ਰਾਮ ॥
(ਪੰਨਾ-੫੪੧)

**ਹਰਿ ਹਰਿ ਸੰਤ ਮਿਲਹੁ ਮੇਰੇ ਭਾਈ**
**ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥** (ਪੰਨਾ-੬੫੦)

**ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥**
(ਪੰਨਾ-੬੫੧)

ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ
**ਮਿਲਿ ਸਤਿਸੰਗਿ ਉਮਾਹਾ ਰਾਮ ॥** (ਪੰਨਾ-੬੯੯)

**ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ**
**ਹਮ ਧੋਵਹ ਪਗ ਜਨ ਕੇ ॥** (ਪੰਨਾ-੭੩੧)

ਕਹੁ ਨਾਨਕ ਪ੍ਰਭ ਬਖਸ ਕਰੀਜੈ ॥
**ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥** (ਪੰਨਾ-੭੩੮-੩੯)

ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥
**ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥** (ਪੰਨਾ-੭੪੫-੪੬)

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
**ਸਾਧਸੰਗਤਿ ਕੈ ਅੰਚਲਿ ਲਾਵਹੁ ॥** (ਪੰਨਾ-੮੦੧)

**ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ**
**ਮੋਹਿ ਮਾਰਗੁ ਦਿਖਲਾਵੈ ॥** (ਪੰਨਾ-੧੨੦੧)

ਚਲਦਾ............

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ :-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

## ❖ ਸ਼ਾਖਾ ❖

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

## ❖ ਪ੍ਰਕਾਸ਼ਕ ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297